੧ ੐ ਸਤਿ ਗੁਰ ਪ੍ਰਸਾਦਿ:

ਮਾਣ ਜੋਗ, ਪ੍ਰੇਮ ਹਿੱਤਕਾਰੀ, ਭਾਰਤ ਵਰਸ਼ ਦੇ ਹਰ ਮਨ ਪਿਆਰੇ,

ਦੁਨੀਆ ਦੇ ਪੰਚੈਤੀ, ਅਮਨ ਤੇ ਆਜ਼ਾਦੀ ਦੇ ਉਪਾਸ਼ਕ ਪੰਡਤ ਜੀਉ !!

ਸਾਨੂੰ ਕੈਨੇਡਾ ਨਿਵਾਸੀ ਹਿੰਦੋਸਤਾਨੀਆਂ ਨੂੰ ਜੋ ਖੁਸ਼ੀਆਂ ਆਪ ਜੀ ਦੇ ਦਰਸ਼ਨ ਕਰਨ ਤੋਂ ਪ੍ਰਾਪਤ ਹੋਈਆਂ ਹਨ ਓਹ ਸਾਡੇ ਵਰਨਣ ਕਰਨ ਤੋਂ ਬਾਹਰ ਹੈ. ਅੱਜ ਸਾਡੇ ਬੜੇ ਧੰਨ ਭਾਗ ਹਨ ਜੋ ਆਪ ਜੈਸੀ ਉੱਚ ਹਸਤੀਆਂ ਨੇ ਰਾਜ ਨੀਤਕ ਕੰਮਾਂ ਦੇ ਰੁਝੇਵਿਆਂ ਦੇ ਹੁੰਦਿਆਂ ਹੋਇਆਂ ਭੀ ਇਸ ਖੁੱਲ੍ਹੇ ਦੇਸ਼ ਦੇ ਇਕ ਨੁੱਕਰ ਵਿਚ ਬੈਠਿਆਂ ਥੋੜੇ ਜੇਹੇ ਹਿੰਦੋਸਤਾਨੀ ਉਪਾਕਸ਼ਾਂ ਨੂੰ ਦਰਸ਼ਨ ਦੇ ਕੇ ਕਿਰਤਾਰਥ ਕੀਤਾ ਹੈ.

ਇਸ ਦੇਸ਼ ਵਿਚ ਰੈਹਣ ਵਾਲ਼ੇ ਹਿੰਦੋਸਤਾਨੀਆਂ ਦੀ ਜ਼ਿਆਦਾ ਗਿਨਤੀ ਪੰਜ ਦਰਿਆਵਾਂ ਵਾਲ਼ੇ ਪੰਜਾਬ ਦੇ ਪੰਜਾਬੀਆਂ ਦੀ ਹੈ. ਭਾਵੇਂ ਵਕਤ ਕਿਸਮਤੀ ਦੇ ਕਾਰਨ ਅੱਜ ਪੰਜਾਬ ਦੇ ਦੋ ਹਿੱਸੇ ਹੋ ਚੁਕੇ ਹਨ. ਔਪਰ ਸਾਨੂੰ ਤੁਹਾਡੇ ਪੰਜਾਬ ਨਾਲ ਗੱਹੇ ਪ੍ਰੇਮ ਪਿਆਰ ਦੀਆਂ ਪੁਰਾਣੀਆਂ ਯਾਦਾਂ ਅੱਜ ਮੁੜ ਚੇਤੇ ਔਂਦੀਆਂ ਹਨ. ਜਦਿਆਂ ਵਾਲ਼ੇ ਬਾਗ ਅੰਮ੍ਰਤਸਰ ਦੇ ਸਾਕੇ ਵੇਲ਼ੇ ਜਦ ਕਿ ਪੰਜਾਬੀਆਂ ਦੀਆਂ ਗਲ਼ੀਆਂ ਵਿਚ ਖੁਨ ਗਈਆਂ ਲਾਸ਼ਾਂ ਨੂੰ ਢਕਣ ਲਈ ਘੱਰੋ ਬਾਹਰ ਨਿਕਲਣਾ ਭੀ ਕਿਸੇ ਦਿਨ ਵਾਲ਼ੇ ਦਾ ਕੰਮ ਸੀ, ਤੁਸੀਂ ਉਸ ਵੇਲ਼ੇ ਸੁਰਗਵਾਸੀ ਮਾਣ ਜੋਗ ਦੇਸ਼ ਬੰਧੂ ਜੀ ਦੇ ਨਾਲ ਜਾਕੇ ਪੜਤਾਲਾਂ ਕੀਤੀਆਂ, ਸਿਖ ਕੌਮ ਦੇ ਨਾਲ਼ੇ ਦੇ ਮੋਰਚੇ ਸਮੇਂ ਜਦੋਂ ਸ਼ਾਨਤਮਈ ਘੋਰ ਪੁਕਿਆ ਜਾ ਰਿਹਾ ਸੀ, ਸਾਡੇ ਵਿਚੋਂ ਭੀ ਕੁਰਬਾਨੀਆਂ ਦੇ ਕੁਝ ਪਤੰਗਿਆਂ ਨੇ ਏੱਥੇ ਜਾਕੇ ਉਸ ਜੁੱਧ ਵਿਚ ਹਿੱਸਾ ਲਿਆ ਸੀ. ਤੁਸੀਂ ਉਸ ਮੌਕੇ ਭੀ ਨਾਭੇ ਜੈਤਾਂ ਦੀਆਂ ਕਾਲ ਕੋਠੜੀਆਂ ਵਿਚ ਤਸੀਹੇ ਝੱਲਦੇ ਪੰਜਾਬੀਆਂ ਦੇ ਦੁਖਾਂ ਦੇ ਸਾਂਝੀਵਾਲ ਬਣਦੇ ਸਾਡੇ ਦਿਲਾਂ ਨੂੰ ਜਿੱਤਿਆ. ਸਭ ਤੋਂ ਵੱਡਾ ਮਾਣ ਜੋ ਤੁਸੀਂ ਪੰਜਾਬ ਨੂੰ ਬਖਸ਼ਿਆ ਓਹ ਛੱਬੀ ਜਨਵਰੀ ਉੱਨੀ ਸੌ ਤੀਹ ਦਾ ਦਿਨ ਹੈ ਜਦ ਕਿ ਤੁਸੀਂ ਰਾਵੀ ਦੇ ਕੰਢੇ ਖੜੋਕੇ ਹਿੰਦੋਸਤਾਨ ਦੀ ਆਜ਼ਾਦੀ ਦਾ ਦੋਸੀ ਝੰਡਾ ਝੁਲਾਕੇ ਆਜ਼ਾਦੀ ਦੇ ਸ਼ਾਨਤਮਈ ਜੰਗ ਨੂੰ ਸ਼ੁਰੂ ਕੀਤਾ ਅਤੇ ਅੱਜ ਉਸਦੀ ਜਿੱਤ ਜਿੱਤਕੇ ਹਿੰਦੋਸਤਾਨ ਨੂੰ ਦੁਨੀਆ ਦੇ ਸਾਹਮਣੇ ਇਕ ਜਬਰਦਸਤ ਪੰਚੈਤੀ ਅਸੂਲਾਂ ਦਾ ਬੰਮ ਬਣਾਕੇ ਗੈਰ ਮੋਕਾਂ ਪਾਸੋਂ ਇਜ਼ਤ ਤੇ ਹਕਦ ਦਾ ਕਾਰਨ ਬਣਾਇਆ ਹੈ.

ਕ੍ਰਿਪਾਲੂ ਪੰਡਤ ਜੀਉ! ਭਾਵੇਂ ਇਸ ਦੇਸ਼ ਵਿਚ ਆਏ ਪੰਜਾਬੀ ਘਰ ਦੀ ਗਰੀਬੀ ਨੂੰ ਦੂਰ ਕਰਨ ਲਈ ਮਜ਼ਦੂਰਾਂ ਦੀ ਸ਼ਕਲ ਵਿਚ ਉੱਨੀ ਸੌ ਪੰਜ ਵਿਚ ਏੱਥੇ ਆਏ, ਹੋਲੀ ਹੋਲੀ ਕਮੌਂਦ ਵਿਚ ਗੈਰ ਮੋਕਾਂ ਦੀ ਨਫਰਤ, ਅਨਪੜ੍ਹਤਾ ਅਤੇ ਹਿੰਦੋਸਤਾਨ ਵਿਚ ਗੈਰ ਹਕੂਮਤ ਦੇ ਕਾਰਨ ਅਨੇਕਾਂ ਮੁਸ਼ਕਲਾਂ ਪੇਸ਼ ਆਈਆਂ ਤਦ ਭੀ ਸਖਤ ਕੰਮ, ਈਮਾਨਦਾਰੀ ਅਤੇ ਹਿੰਦੋਸਤਾਨੀ ਸਭਯਤਾ ਆਖਲਾਕ ਦੇ ਜੋਰ ਕਰਕੇ ਆਸੀਂ ਅੱਜ ਕੈਨੇਡੀਅਨ ਮੋਕਾਂ ਵਿਚ ਆਪਣੇ ਆਪ ਨੂੰ ਚੰਗੇ ਸ਼ੌਹਰੀ ਕਹਾਕੇ ਦੇਸ਼ ਦੀ ਸ਼ਾਨ ਨੂੰ ਉੱਚਾ ਕਰਨ ਦਾ ਫਰਜ਼ ਪੂਰਾ ਕੀਤਾ ਹੈ. ਏੱਥੇ ਅਫੋਸ ਨਾਲ ਇਹ ਜ਼ਿਕਰ ਕਰਨਾ ਪੈਂਦਾ ਹੈ ਕਿ ਚੰਗੇ ਸ਼ੌਹਰੀ ਹੋਣ ਦੇ ਕਾਰਨ ਭੀ ਹਿੰਦੋਸਤਾਨੀਆਂ ਲਈ ਸਿਵਲ ਤੇ ਇਮੀਗਰੇਸ਼ਨ ਔਫਸਮਿਆਂ ਵਲੋਂ ਕਈ ਪ੍ਰਕਾਰ ਦੀਆਂ ਪਾਬੰਦੀਆਂ ਹਨ. ਸਾਨੂੰ ਓੱਨ ਖੁੱਲ ਤੇ ਹੱਕ ਹਾਸਲ ਨਹੀਂ ਹਨ. ਜੋ ਹੋਰ ਯੂਰਪੀਅਨ ਸ਼ੌਹਰੀਆਂ ਮੋਕਾਂ ਨੂੰ ਹਨ. ਉੱਨੀ ਸੌ ਪੰਜ ਵਿਚ ਆਏ ਹਿੰਦੋਸਤਾਨੀਆਂ ਦੀ ਗਿਣਤੀ ਛੇ ਹਜ਼ਾਰ ਦੀ ਸੀ ਜੋ ਅੱਜ ਪੰਦਰਾਂ ਸੌ ਤੋਂ ਜ਼ਿਆਦਾ ਨਹੀਂ ਹੈ. ਉੱਨੀ ਸੌ ਚੌਦਾਂ ਵਿਚ ਕਾਮਾ ਗਾਟਾ ਮਾਰੂ ਜਹਾਜ਼ ਦਾ ਸਾਕਾ ਭੀ ਸਾਡੇ ਇਨ੍ਹਾਂ ਦੁਖਾਂ ਦਾ ਕਾਰਨ ਹੀ ਸੀ. ਉਸ ਸਮੇਂ ਆਸੀਂ ਅਤੇ ਹਿੰਦੋਸਤਾਨ ਗੈਰ ਹਕੂਮਤ ਦੇ ਕਾਰਨ ਬੇ ਬੱਸ ਸੀ. ਔਪਰ ਅੱਜ ਸਕਸ਼ਾ ਕੁਛ ਹੋਰ ਹੈ. ਆਸੀਂ ਇਸ ਦੇਸ਼ ਵਿਚ ਰੈਹਣ ਵਾਲ਼ੇ ਹਿੰਦੋਸਤਾਨੀਆਂ ਨੇ ਆਪਣੇ ਸਖਤ ਕੰਮਾਂ ਤੇ ਈਮਾਨਦਾਰੀ ਦੇ ਕਾਰਨ ਚੰਗੇ ਸ਼ੌਹਰੀ ਬਣ ਕਿਆ ਹੈ ਉੱਧਰ ਹਿੰਦੋਸਤਾਨ ਦੀ ਹਕੂਮਤ ਅੱਜ ਆਪਣੀ ਹੈ. ਖਾਸ ਕਰਕੇ ਕਾਮਨ ਵੈਲਥ ਦੇ ਸਾਂਝੇ ਦੇਸ਼ਾਂ ਵਿਚ ਹਿੰਦੋਸਤਾਨ ਇਕ ਜਬਰਦਸਤ ਤਾਕਤ ਹੈ. ਜਿਸ ਦੇ ਕਾਰਨ ਆਸੀਂ ਜੀ ਪਾਸੋਂ ਇਹ ਮੰਗ ਕਰਦੇ ਹਾਂ ਕਿ ਜਿਸ ਭੀ ਤਰੀਕੇ, ਜਤਨ ਤੇ ਜੀਕਿਆਂ ਨਾਲ ਹੋ ਸਕਦਾ ਹੋਵੇ ਤੁਸੀਂ ਤੇ ਤੁਹਾਡੀ ਗੌਰਮੈਂਟ ਸਾਡੇ ਇਮੀਗਰੇਸ਼ਨ ਦੇ ਮੁਆਮਲਿਆਂ ਨੂੰ ਸੁਲਝਾਕੇ ਸਾਡੀ ਔਕੜਾਂ ਨੂੰ ਦੂਰ ਕਰੋ. ਆਸੀਂ ਉਨ੍ਹਾਂ ਹੱਕਾਂ ਦੀ ਮੰਗ ਕਰਦੇ ਹਾਂ ਜੋ ਸਾਨੂੰ ਏੱਥੇ ਦੇ ਸ਼ੌਹਰੀ ਹੋਣ ਦੀ ਹੈਸੀਅਤ ਵਿਚ ਮਿਲਣੇ ਚਾਹੀਦੇ ਹਨ.

ਪਿਆਰੇ ਪੰਡਤ ਜੀਉ! ਆਸੀਂ ਕੈਨੇਡਾ ਨਿਵਾਸੀ ਹਿੰਦੋਸਤਾਨੀਆਂ ਨੇ ਜਿੱਥੇ ਆਪਣੀ ਘਰੋਗੀ ਮੁਸ਼ਕਲਾਤ ਨੂੰ ਦੂਰ ਕਰਦੇ ਹੋਏ ਹਿੰਦੋਸਤਾਨ ਦੀ ਆਜ਼ਾਦੀ ਦੀ ਜੰਗ ਵਿਚ ਤਨ-ਮਨ ਤੇ ਧਨ ਦੁਆਰਾ ਕੁਰਬਾਨੀਆਂ ਕਰਕੇ ਆਪਣਾ ਹਿੱਸਾ ਵੰਡਾਇਆ ਹੈ ਉੱਥੇ ਅਗੇ ਨੂੰ ਭੀ ਦੇਸ਼ ਦੀ ਉਨੱਤੀ, ਉਸਾਰੀ ਅਤੇ ਗਰੀਬੀ ਨੂੰ ਦੂਰ ਕਰਨ ਵਾਲ਼ੇ ਆਪ ਜੀ ਦੀ ਅਗਵਾਈ ਵਿਚ ਕੀਤੇ ਜਾ ਰਹੇ ਜਤਨਾਂ ਵਿਚ ਹਰ ਪ੍ਰਕਾਰ ਦੀ ਸੇਵਾ ਤੇ ਕੁਰਬਾਨੀ ਕਰਕੇ ਆਪਣੇ ਫਰਜ਼ ਨੂੰ ਖੁਸ਼ੀ ਖੁਸ਼ੀ ਪੂਰਾ ਕਰਨ ਦਾ ਪ੍ਰਣ ਕਰਦੇ ਹਾਂ. ਆਸੀਂ ਹਿੰਦੋਸਤਾਨ ਦੇ ਭਾਈਆਂ ਅਤੇ ਭੈਣਾਂ ਨੂੰ ਤੁਹਾਡੇ ਰਾਹੀਂ ਇਹ ਦਿਲੀ ਸੁਨੇਹਾ ਦੇਣਾ ਚਾਹੁੰਦੇ ਹਾਂ ਕਿ ਆਸੀਂ ਕੈਨੇਡਾ ਵਿਚ ਰੈਹਂਦੇ ਹੋਏ ਦੇਸ਼ ਦੀ ਦੋਸੀ ਸ਼ਾਨ ਨੂੰ ਉੱਚਾ ਰਖਿਆ ਹੈ ਅਤੇ ਅਗੇ ਨੂੰ ਰਖਾਂਗੇ. ਇਸੇ ਤਰਾਂ ਓਹ ਭੀ ਹਿੰਦੋਸਤਾਨ ਦੀ ਭੁੱਖ, ਗਰੀਬੀ ਨੂੰ ਦੂਰ ਕਰਨ ਲਈ ਤੁਹਾਡੀ ਅਗਵਾਈ ਵਿਚ ਪੂਰਾ ਭਰੋਸਾ ਰਖਦੇ ਹੋਏ ਮੁਲਕ ਦੀ ਉਸਾਰੀ ਵਿਚ ਮੁਹੱਬਤ, ਇਤਫਾਕ, ਕੁਰਬਾਨੀ ਤੇ ਰੂਹਾਨੀ ਤਾਕਤ ਦੇ ਜੋਰ ਨਾਲ ਸਾਲਾਂ ਦੇ ਕੰਮਾਂ ਨੂੰ ਦਿਨਾਂ ਵਿਚ ਪੂਰਾ ਕਰਕੇ ਮਹਾਤਮਾ ਗਾਂਧੀ ਜੀ ਦੀ ਆਤਮਾ ਨੂੰ ਖੁਸ਼ ਕਰਦੇ ਹੋਏ ਖੁਸ਼ੀਆਂ ਪ੍ਰਾਪਤ ਕਰਨ. ਸਾਨੂੰ ਭਰੋਸਾ ਹੈ ਕਿ ਤੁਹਾਡੇ ਇਸ ਅਮ੍ਰੀਕਾ ਤੇ ਕੈਨੇਡਾ ਦੇ ਦੌਰੇ ਵਿਚ ਤੁਸੀਂ ਇਨ੍ਹਾਂ ਹਕੂਮਤਾਂ ਦੇ ਮੰਤ੍ਰ ਸਭਾਪ, ਮਿਆਸਾਂ ਦੇ ਵਟਾਂਦਰੇ, ਲੋਕਾਂ ਦੀ ਰੋਜਗਾਰੀ ਦੇ ਢੰਗੀਕਿਆਂ ਅਤੇ ਕਾਰਖਾਨਿਆਂ, ਡੈਮਾਂ, ਕਾਸ਼ਤਕਾਰੀ ਦੇ ਉਪਜਾਊ ਨਦੀਆਂ ਨਦੀਆਂ ਵਾਹਾਂ ਨੂੰ ਦੇਖਕੇ ਹਿੰਦੋਸਤਾਨ ਦੀ ਗਰੀਬੀ ਨੂੰ ਦੂਰ ਕਰਨ ਦੇ ਪ੍ਰੋਗਰਾਮ ਵਿਚ ਕਾਮਜਾਬ ਹੋਵੋਂਗੇ.

ਅੱਡਾਂ ਤੇ ਪਿਆਰਾਂ ਵਿਚ ਪਲ਼ੇ ਹੋਏ ਨੌਜੁ ਜੀ! ਤੁਹਾਡੇ ਅਤੇ ਆਪ ਜੀ ਦੇ ਪ੍ਰਦਾਰ ਦੀ ਕੁਰਬਾਨੀਆਂ ਨੇ ਅੱਜ ਹਿੰਦੋਸਤਾਨ ਨੂੰ ਦੁਨੀਆਂ ਦੇ ਸਾਹਮਣੇ ਸ਼ਾਨਦਾਰ ਬਣਾਇਆ ਹੈ. ਆਸੀਂ ਆਪ ਜੀ ਦੇ ਨਾਲ ਤੁਹਾਡੀ ਪਿਆਰੀ ਸਪੁਤ੍ਰੀ ਇੰਦਰਾ ਦੇ ਦਰਸ਼ਨ ਕਰਕੇ ਬੜੇ ਖੁਸ਼ੀ ਹੋ ਰਹੇ ਹਾਂ. ਆਸੀਂ ਅਰਦਾਸ ਕਰਦੇ ਹਾਂ. ਕਿ ਵਾਹਿਗੁਰੂ ਸਿਰਜਨ ਹਾਰ ਤੁਹਾਨੂੰ ਲੰਬੀ ਆਯੂ ਬਖਸ਼ੇ ਤਾਂ ਜੋ ਹਿੰਦੋਸਤਾਨ ਅਤੇ ਦੁਨੀਆ ਤੁਹਾਡੀ ਅਗਵਾਈ ਵਿਚ ਅਮਨ, ਆਜ਼ਾਦੀ ਅਤੇ ਖੁਸ਼ਹਾਲੀ ਵਿਚ ਬੱਸੇ. ਅੰਤ ਵਿਚ ਆਸੀਂ ਮੁੜ ਆਪ ਜੀ ਦੇ ਪੰਨਵਾਰੀ ਹਾਂ ਜੋ ਤੁਸੀਂ ਸਾਨੂੰ ਦੂਰ ਬੈਠੇ ਥੋੜੇ ਜੇਹੇ ਪ੍ਰਦੇਸੀਆਂ ਨੂੰ ਦਰਸ਼ਨ ਦੇਕੇ ਸਾਡੀਆਂ ਆਸਾਂ ਨੂੰ ਪੂਰਾ ਕੀਤਾ ਹੈ. ਸਤਿ ਸ੍ਰੀ ਅਕਾਲ.

"ਜੈ ਹਿੰਦ."

ਆਸੀਂ ਹਾਂ ਆਪ ਜੀ ਦੇ,
ਕੈਨੇਡਾ ਨਿਵਾਸੀ ਹਿੰਦੋਸਤਾਨੀ,
ਖਾਲਸਾ ਦੀਵਾਨ ਸੋਸੈਟੀ. ਕੈਨੇਡਾ.

ਵੈਨਕੋਵਰ. ਬੀ. ਸੀ. ਕੈਨੇਡਾ.
੨ ਨਵੰਬਰ, ਉੱਨੀ ਸੌ ਉਨੰਜਾ.

NARANJAN SINGH GREWAL.

Mary Catherine Gordon, V.S.A., Del.